# 17

# ਸ਼ਗਿਰਦੀ ਦੀ ਕੀਮਤ

## (8:18–22)

ਅਧਿਆਇ 8 ਅਤੇ 9 ਮੋਅਜਜ਼ਿਆ ਦੇ ਤਿੰਨ ਸੈਟ ਹਨ (8:1–17; 8:23–9:8; 9:18–34), ਜਿਨ੍ਹਾਂ ਨੂੰ ਸ਼ਗਿਰਦੀ ਉੱਤੇ ਜ਼ੋਰ ਦੇਣ ਵਾਲੀਆਂ ਦੋ ਚਰਚਾਵਾਂ ਵਿਚ ਵੰਡਿਆ ਗਿਆ ਹੈ (8:18–22; 9:9–17)। ਮੱਤੀ 8:18–22 ਵਿਚ ਸ਼ਗਿਰਦੀ ਤੇ ਉਨ੍ਹਾਂ ਦੋਹਾਂ ਵਿੱਚੋਂ ਪਹਿਲੀ ਗੱਲਬਾਤ ਹੈ ਜਿਸ ਵਿਚ ਦੋ ਬੰਦਿਆਂ ਦੀ ਗੱਲ ਦੱਸੀ ਗਈ ਹੈ ਜਿਹੜੇ ਯਿਸੂ ਦੇ ਮਗਰ ਆਉਣਾ ਚਾਹੁੰਦੇ ਸਨ। ਮੁੱਖ ਸ਼ਬਦ ''ਮਗਰ'' (*akoloutheo*) ਅਤੇ ''ਚੱਲਣਾ'' (*aperchomai*) ਸੰਭਵ ਤੌਰ ਤੇ ਜ਼ੋਰ ਦੇਣ ਲਈ ਬਾਰ ਬਾਰ ਵਰਤੇ ਗਏ।

### ਵਿੱਤ (8:18-20)

**[18]''ਤਦ ਯਿਸੂ ਨੇ ਬਹੁਤ ਭੀੜ ਆਪਣੇ ਚੁਫੇਰੇ ਵੇਖ ਕੇ ਪਾਰ ਚੱਲਣ ਦੀ ਆਗਿਆ ਦਿੱਤੀ। [19]ਅਤੇ ਇਕ ਗ੍ਰੰਥੀ ਨੇ ਕੋਲ ਆਣ ਕੇ ਉਹ ਨੂੰ ਕਿਹਾ, ਗੁਰੂ ਜੀ ਜਿੱਥੇ ਕਿਤੇ ਤੂੰ ਜਾਵੇਂ ਮੈਂ ਤੇਰੇ ਮਗਰ ਚੱਲਾਂਗਾ। [20]ਅਤੇ ਯਿਸੂ ਨੇ ਉਹ ਨੂੰ ਆਖਿਆ ਭਈ ਲੂੰਬੜੀਆਂ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਲ੍ਹਣੇ ਹਨ ਪਰ ਮਨੁੱਖ ਦੇ ਪੁੱਤਰ ਦੇ ਸਿਰ ਧਰਨ ਨੂੰ ਥਾਂ ਨਹੀਂ।''**

**ਆਇਤ 18.** ਭਾਵੇਂ ਯਿਸੂ ਖ਼ੁਦਾ ਦਾ ਇਲਾਹੀ ਪੁੱਤਰ ਸੀ ਪਰ ਉਹ ਆਪਣੀ ਮਾਤਾ ਮਰੀਅਮ ਦੇ ਰਾਹੀਂ ਉਹ ਮਨੁੱਖ ਦਾ ਮਨੁੱਖੀ ਪੁੱਤਰ ਵੀ ਸੀ (8:20)। ਇਹ ਸੱਚ ਹੋਣ ਕਰਕੇ ਉਸ ਲਈ ਥਕਾਵਟ ਹੋਣ ਦੀ ਮਨੁੱਖੀ ਕਮਜ਼ੋਰੀ ਪਾਈ ਜਾਂਦੀ ਸੀ। ਕਫ਼ਰਨਾਹੂਮ ਵਿਚ ਆਪਣੇ ਪਹੁੰਚਣ ਦੇ ਸਮੇਂ ਤੋਂ ਹੀ ਉਸਨੂੰ ਬੀਮਾਰ ਲੋਕਾਂ ਦੀ ਵੱਡੀ ਭੀੜ ਨੇ ਘੇਰ ਲਿਆ ਸੀ। ਜਿਸ ਕਰਕੇ ਉਸ ਨੂੰ ਸਰੀਰਕ ਅਤੇ ਮਾਨਸਿਕ ਥਕਾਵਟ ਲੱਗਣ ਲੱਗੀ ਸੀ। **ਤਦ ਯਿਸੂ ਨੇ ਬਹੁਤ ਭੀੜ ਆਪਣੇ ਚੁਫੇਰੇ** *[ਜਮ੍ਹਾ ਹੋਈ]* **ਵੇਖ ਕੇ** *[ਆਪਣੇ ਚੇਲਿਆਂ ਨੂੰ]* **ਪਾਰ ਚੱਲਣ ਦੀ ਆਗਿਆ ਦਿੱਤੀ।** ''ਪਾਰ'' ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਗਲੀਲ ਦੀ ਝੀਲ ਨੂੰ ਪੱਛਮ ਅਤੇ ਪੂਰਬ ਦੇ ਦੋ ਭਾਗਾਂ ਦੇ ਰੂਪ ਵਿਚ ਵੇਖਿਆ ਜਾਂਦਾ ਸੀ। ਇਸ ਨੂੰ ਇਕ ਕਾਲਪਨਿਕ ਸਿੱਧੀ ਰੇਖਾ ਨਾਲ ਵੰਡਿਆ ਗਿਆ ਸੀ ਜੋ ਯਰਦਨ ਨਦੀ ਦੇ ਪ੍ਰਵੇਸ਼ ਦੁਆਰ ਅਤੇ ਨਿਕਾਸ ਦੇ ਪੁਆਇੰਟਾਂ ਨੂੰ ਜੋੜਦੀ ਸੀ। ਖ਼ਾਸ ਤੌਰ ਤੇ ਇਹ ਦਿਕਾਪੁਲਿਸ ਦੇ ਇਲਾਕੇ ਤੋਂ ਝੀਲ ਦੇ ਪੂਰਵੀ ਪਾਸੇ ਨੂੰ ਕਿਹਾ ਜਾਂਦਾ ਸੀ। ਕਫ਼ਰਨਾਹੂਮ ਗਲੀਲ ਦੀ ਝੀਲ ਦੇ ਉੱਤਰ ਪੱਛਮ ਵਾਲੀ ਨੁੱਕਰ ਤੇ ਸੀ।

**ਆਇਤ 19.** ਉਸ ਛੋਟੀ ਬੇੜੀ ਵਿਚ ਬੈਠਣ ਤੋਂ ਪਹਿਲਾਂ ਹੀ ਜਿਹੜੀ ਝੀਲ ਦੇ ਪਾਰ ਜਾਣੀ ਸੀ, ਯਿਸੂ ਦਾ ਸਾਹਮਣਾ ਫੇਰ ਹੋ ਗਿਆ। **ਅਤੇ ਇਕ ਗ੍ਰੰਥੀ ਨੇ ਕੋਲ ਆਣ ਕੇ ਉਹ ਨੂੰ ਕਿਹਾ, ਗੁਰੂ ਜੀ ਜਿੱਥੇ ਕਿਤੇ ਤੂੰ ਜਾਵੇਂ ਮੈਂ ਤੇਰੇ ਮਗਰ ਚੱਲਾਂਗਾ।** ''ਗ੍ਰੰਥੀ'' (*grammateus*) ਉਹ ਹੁੰਦਾ ਸੀ ਜਿਹੜਾ ਪੁਰਾਣੇ ਨੇਮ ਦੀਆਂ ਲਿਖਤਾਂ ਅਤੇ ਹੋਰ ਅਹਿਮ ਦਸਤਾਵੇਜ਼ਾਂ ਨੂੰ ਬੜੀ ਮਿਹਨਤ ਨਾਲ ਹੱਥ ਨਾਲ ਉਤਾਰਦਾ ਸੀ। ਆਪਣੇ ਕੰਮ ਦੀ ਖੂਬੀ ਨਾਲ ਗ੍ਰੰਥੀ ਸਚਮੁਚ ਵਿਚ ਵਚਨ ਦੇ ਵਿਦਵਾਨ ਬਣ

ਗਏ ਸਨ। ਉਨ੍ਹਾਂ ਨੂੰ ਤੁਰੇਤ ਦੇ ਸਿਖਾਉਣ ਵਾਲੇ ਕਿਹਾ ਜਾਂਦਾ ਸੀ ਜਕਿ ਆਮ ਤੌਰ ਤੇ ਫ਼ਰੀਸੀ ਲੋਕ ਸਿਖਾਉਣ ਵਾਲੇ ਨਹੀਂ ਹੁੰਦੇ ਸਨ।

ਇਸ ਗ੍ਰੰਥੀ ਦੇ ਇਮਾਨਦਾਰੀ ਭਰੇ ਸਵਾਲ ਤੇ ਸਾਨੂੰ ਸ਼ੱਕ ਕਰਨ ਦੀ ਕੋਈ ਗੁੰਜਾਇਸ਼ ਨਹੀਂ ਹੈ। ਯਿਸੂ ਦੇ ਮਗਰ ਚੱਲਣ ਦੀ ਉਸਦੀ ਇੱਛਾ ਪ੍ਰੇਰਣਾ ਨਿੱਜੀ ਫ਼ਾਇਦੇ ਲਈ ਹੋ ਸਕਦੀ ਹੈ। ਉਸਨੇ ਯਿਸੂ ਨੂੰ ''ਗੁਰੂ ਜੀ'' (*didaskalos*) ਆਖ ਕੇ ਬੜੀ ਇੱਜ਼ਤ ਨਾਲ ਗੱਲ ਕੀਤੀ। ਕਿਸੇ ਗ੍ਰੰਥੀ ਦਾ ਯਿਸੂ ਨਾਲ ਇਸ ਤਰ੍ਹਾਂ ਆਖ ਕੇ ਗੱਲ ਕਰਨਾ ਆਪਣੇ ਆਪ ਵਿਚ ਵੱਡੀ ਗੱਲ ਸੀ। ਪਰ ਬਹੁਤ ਸਾਰੇ ਲੋਕ, ਇੱਥੋਂ ਤਕ ਕਿ ਯਿਸੂ ਦੇ ਵਿਰੋਧੀ ਵੀ ਉਸਨੂੰ ਇਸੇ ਤਰ੍ਹਾਂ ਮੁਖ਼ਾਤਬ ਹੁੰਦੇ ਸਨ (12:38; 19:16; 22:16, 24, 36)।

**ਆਇਤ 20. ਯਿਸੂ ਨੇ** ਇਹ ਆਖਦੇ ਹੋਏ ਗ੍ਰੰਥੀ ਦੇ ਇਰਾਦੇ ਦੀ ਪਰਖ ਕੀਤੀ, **''ਲੂੰਬੜੀਆਂ ਦੇ ਘੁਰਨੇ ਅਤੇ ਅਕਾਸ਼ ਦੇ ਪੰਛੀਆਂ ਦੇ ਆਲ੍ਹਣੇ ਹਨ ਪਰ ਮਨੁੱਖ ਦੇ ਪੁੱਤਰ ਦੇ ਸਿਰ ਧਰਨ ਨੂੰ ਥਾਂ ਨਹੀਂ।''** ਇਕ ਵਾਰ ਫੇਰ ਉਸਨੇ ਆਪਣਾ ਸੰਦੇਸ਼ ਦੇਣ ਲਈ ਕੁਦਰਤ (''ਲੂੰਬੜੀਆਂ'' ਅਤੇ ''ਪੰਛੀਆਂ'') ਦੀ ਵਰਤੋਂ ਕੀਤੀ (ਵੇਖੋ 6:26, 28)। ਯਿਸੂ ਦਾ ਜਵਾਬ ''ਬਹੁਤ ਹੱਦ ਤਕ ਇਸ ਹਾਲਾਤ ਲਈ ਅਪਨਾਇਆ ਜਾਣ ਵਾਲਾ ਆਮ ਮੁਹਾਵਰੇ ਵਰਗਾ ਸੀ।''[1] ਮਾਈਕਲ ਜੇ. ਵਿਲਕਿੰਸ ਨੇ ਯਿਸੂ ਨੂੰ ਇਹ ਕਹਿੰਦਿਆਂ ਵਿਖਾਇਆ ਕਿ ਉਸਦੀ ਸੇਵਕਾਈ ''ਅਰਾਮਦਾਇਕ ਫ਼ਾਇਦਿਆਂ ਵਾਲੀ ਸੰਸਥਾਗਤ ਸੰਸਥਾ ਨਹੀਂ ਹੋਣੀ'' ਸੀ।[2]

ਯਿਸੂ ਰਹਿਣ ਲਈ ਟਿਕਾਣੇ ਦੇ ਨਾ ਹੋਣ ਦੇ ਅਰਥ ਵਿਚ ''ਬੇਘਰ'' ਨਹੀਂ ਸੀ। ਉਸ ਵਕਤ ਉਹ ਕਫ਼ਰਨਾਹੂਮ ਤੋਂ ਜਾਣ ਦੀ ਤਿਆਰੀ ਕਰ ਰਿਹਾ ਸੀ, ਜੋ ਆਪਣੀ ਆਮ ਸੇਵਕਾਈ ਦੇ ਜ਼ਿਆਦਾਤਰ ਸਮੇਂ ਵਿਚ ਉਸਦਾ ਟਿਕਾਣਾ ਰਿਹਾ ਲਗਦਾ ਹੈ। ਉਹ ਮਰੀਅਮ, ਮਾਰਥਾ ਅਤੇ ਲਾਜ਼ਰ ਦੇ ਘਰ ਬੈਤਅਨੀਆ ਵਿਚ ਰਹਿੰਦਾ ਸੀ (ਲੂਕਾ 10:38, 39; ਯੂਹੰਨਾ 12:1–3), ਅਤੇ ਯਕੀਨਨ ਹੀ ਹੋਰ ਘਰਾਂ ਵਿਚ ਵੀ ਉਸਦਾ ਸੁਆਗਤ ਕੀਤਾ ਜਾਂਦਾ ਸੀ (ਵੇਖੋ 10:11)। ਇਸ ਦੇ ਬਾਵਜੂਦ ਉਸਦੇ ਕੋਲ ਕੋਈ ਆਪਣੀ ਥਾਂ ਨਹੀਂ ਸੀ ਜਿਸ ਨੂੰ ਉਹ ਆਪਣਾ ਘਰ ਕਹਿੰਦਾ ਸੀ। ਵਿਹਾਰਕ ਤੌਰ ਤੇ ਯਿਸੂ ਇਕ ਘੁਮੱਕੜ ਪ੍ਰਚਾਰਕ ਸੀ, ਘੁੰਮਦਾ ਰਹਿਣ ਵਾਲਾ ਇਵੈਂਜਲਿਸਟ ਸੀ ਜਿਹੜਾ ਇਕ ਥਾਂ ਟਿਕਦਾ ਨਹੀਂ ਸੀ। ਪੁਰਾਣੇ ਜ਼ਮਾਨੇ ਦੇ ਨਬੀਆਂ ਵਾਂਗ ਹੋ ਸਕਦਾ ਹੈ ਕਿ ਉਹ ਆਮ ਰਾਤ ਵਿਚ ਤਾਰਿਆਂ ਦੀ ਖੁੱਲ੍ਹੀ ਛਾਂ ਵਿਚ ਸੌਂਦਾ ਹੋਵੇ, ਜਿਸ ਵਿਚ ਸਿਰ੍ਹਾਨੇ ਦਾ ਕੰਮ ਪੱਥਰ ਕਰਦਾ ਹੋਵੇ। ਉਸ ਕੋਲ ਆਪਣੇ ਲੱਕ ਦੁਆਲੇ ਲਵ੍ਹੇਟੇ ਕੱਪੜਿਆਂ ਨਾਲੋਂ ਵੱਧ ਹੋਰ ਕੁਝ ਨਹੀਂ ਸੀ। ਜੋਸ਼ੀਲੇ ਗ੍ਰੰਥੀ ਨੂੰ ਯਿਸੂ ਦੇ ਮਗਰ ਚੱਲਣਾ ਚੁਣਨ ਤੋਂ ਪਹਿਲਾਂ ਉਸ ਜੀਵਨ ਸ਼ੈਲੀ ਤੇ ਵਿਚਾਰ ਕਰ ਲੈਣ ਦੀ ਲੋੜ ਸੀ।

ਸ਼ਹਿਰ ਸ਼ਹਿਰ ਘੁੰਮਦਿਆਂ ਯਿਸੂ ਨੂੰ ਆਮ ਤੌਰ ਤੇ ਠੁਕਰਾ ਦਿੱਤਾ ਜਾਂਦਾ ਸੀ। ਉਸਦੇ ਆਪਣੇ ਲੋਕਾਂ ਨੇ (ਯੂਹੰਨਾ 1:11), ਅਤੇ ਯਹੂਦੀਆਂ ਨੇ ਵੀ ਉਸ ਨੂੰ ਠੁਕਰਾ ਦਿੱਤਾ (ਯੂਹੰਨਾ 5:18)। ਗਲੀਲੀ ਲੋਕਾਂ ਨੇ ਉਸ ਤੋਂ ਮੂੰਹ ਫੇਰ ਲਿਆ (ਯੂਹੰਨਾ 6:66), ਅਤੇ ਗਦਰੀਨੀਆਂ ਨੇ ਉਸ ਨੂੰ ਉਨ੍ਹਾਂ ਦਾ ਕੰਢਾ ਛੱਡ ਦੇਣ ਦੀ ਬੇਨਤੀ ਕੀਤੀ (8:34)। ਸਾਮਰੀਆਂ ਨਗਰ ਦੇ ਲੋਕਾਂ ਨੇ ਵੀ ਉਸ ਨੂੰ ਠਹਿਰਾਉਣ ਤੋਂ ਇਨਕਾਰ ਕਰ ਦਿੱਤਾ (ਲੂਕਾ 9:52, 53)। ਅਖ਼ੀਰ ਵਿਚ ਸੰਸਾਰ ਨੇ ਉਸ ਨੂੰ ਠੁਕਰਾ ਦਿੱਤਾ (27:23)।

''ਮਨੁੱਖ ਦਾ ਪੁੱਤਰ'' ਪ੍ਰਭੂ ਵੱਲੋਂ ਆਪਣੇ ਲਈ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਵੇਰਵਾ ਸੀ। ਮੱਤੀ 8:20 ਵਿਚ ਨਵੇਂ ਨੇਮ ਵਿਚ ਉਸ ਵੱਲੋਂ ਇਸ ਦੇ ਅੱਠਾਸੀ ਵਾਰ ਵਰਤਣ ਤੋਂ ਪਹਿਲੀ ਵਾਰ ਮਿਲਦਾ ਹੈ। ''ਮਨੁੱਖ ਦਾ ਪੁੱਤਰ'' ਬੇਸ਼ੱਕ ਮਸੀਹਾ ਦੇ ਰੁੱਤਬੇ ਲਈ ਵਰਤਿਆ ਜਾਂਦਾ ਸੀ (ਵੇਖੋ ਦਾਨੀਏਲ 7:13, 14), ਪਰ ਇਹ ਉਹ ਨਾਂਅ ਹੈ ਜਿਸ ਨੂੰ ਯਿਸੂ ਨੇ ਮਨੁੱਖ ਜਾਤੀ ਨਾਲ ਬੜੀ ਨਜਦੀਕੀ ਨਾਲ ਜੋੜ ਦਿੱਤਾ।[3] ਬੜੀ ਹਲੀਮੀ ਦੇ ਇਕ ਕੰਮ ਵਿਚ ਰਾਜਿਆਂ ਦੇ ਰਾਜੇ ਅਤੇ ਪ੍ਰਭੂਆਂ

ਦੇ ਪ੍ਰਭੂ ਨੇ ਆਪਣੇ ਆਪ ਨੂੰ ਹਰ ਦੁਨਿਆਵੀ ਫ਼ਾਇਦੇ ਤੋਂ ਸੱਖਣਾ ਕਰਕੇ ਮਨੁੱਖਾਂ ਵਿਚ ਇਕ ਮੰਗਤੇ ਵਾਲੀ ਜ਼ਿੰਦਗੀ ਕੱਟੀ (ਵੇਖੋ ਫ਼ਿਲਿੱਪੀਆਂ 2:5–8)।

## ਪਰਿਵਾਰ (8:21, 22)

**[21]''ਅਰ ਚੇਲਿਆਂ ਵਿੱਚੋਂ ਹੋਰ ਦੂਏ ਨੇ ਉਹ ਨੂੰ ਆਖਿਆ, ਪ੍ਰਭੂ ਜੀ ਮੈਨੂੰ ਪ੍ਰਵਾਨਗੀ ਦਿਹ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ। [22]ਪਰ ਯਿਸੂ ਨੇ ਉਹ ਨੂੰ ਕਿਹਾ, ਤੂੰ ਮੇਰੇ ਮਗਰ ਚੱਲਿਆ ਆ ਅਤੇ ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ।''**

**ਆਇਤ 21.** ਦੂਜੇ ਪੁੱਛਣ ਵਾਲੇ ਨੂੰ **ਚੇਲਿਆਂ ਵਿੱਚੋਂ ਹੋਰ ਦੂਏ ਨੇ** ਕਹਿਣਾ ਇਸ ਗੱਲ ਦਾ ਸੰਕੇਤ ਹੈ ਕਿ ਉਹ ਅਤੇ ਗ੍ਰੰਥੀ ਜਾਂ ਤਾਂ ਮਸੀਹ ਦੇ ਚੇਲੇ ਸਨ ਜਾਂ ਬਣ ਗਏ ਗਏ। ਇਹ ਮੰਨ ਲੈਣਾ ਬਹੁਤ ਜ਼ਿਆਦਾ ਹੋ ਜਾਵੇਗਾ ਕਿ ਇਹ ਆਦਮੀ ਉਨ੍ਹਾਂ ਬਾਰ੍ਹਾਂ ਵਿੱਚੋਂ ਇਕ ਸੀ, ਕਿਉਂਕਿ ''ਚੇਲਾ'' (*mathetes*) ਸ਼ਬਦ ਇੱਥੇ ਬਹੁਤ ਸੰਭਾਵਨਾ ਹੈ ਕਿ ਵਿਆਪਕ ਅਰਥ ਵਿਚ ਵਰਤਿਆ ਗਿਆ ਹੋਵੇ। ਇਸ ਨਾਂਅ ਦੀ ਵਰਤੋਂ ਬੇਸ਼ੱਕ ਬਾਰ੍ਹਾਂ ਲਈ ਹੋ ਸਕਦੀ ਹੈ। ਪਰ ਆਮ ਤੌਰ ਤੇ ''ਸਿਖਿਆਰਥੀ'' ਜਾਂ ''ਵਿਦਿਆਰਥੀ'' ਦਾ ਆਮ ਬੋਧ ਕਰਾਉਂਦਾ ਹੈ ਅਤੇ ਇਸ ਵਿਚ ਕੋਈ ਰੂਹਾਨੀ ਸੰਕੇਤ ਨਹੀਂ ਹੈ। ਇਹ ਕਿਸੇ ਵੀ ਤਰ੍ਹਾਂ ਦੇ ''ਪੈਰੋਕਾਰ'' ਲਈ ਹੋ ਸਕਦਾ ਹੈ, ਉਹ ਕਾਲਪਨਿਕ ਹੋਵੇ ਜਾਂ ਸਚਮੁਚ ਵਿਚ ਸਮਰਪਣ।

ਇੱਥੇ ਲੂਕਾ ਨੇ ਉਸ ਆਦਮੀ ਨੂੰ ਯਿਸੂ ਦੀ ਬੁਲਾਹਟ ਦੀ ਗੱਲ ਜੋੜ ਦਿੱਤੀ ਕਿ ''ਮੇਰੇ ਪਿੱਛੇ ਤੁਰ ਆ'' (ਲੂਕਾ 9:59; ਵੇਖੋ ਮੱਤੀ 8:22)। ਅਜਿਹਾ ਲਗਦਾ ਹੈ ਕਿ ਉਹ ਚਾਹੁੰਦਾ ਸੀ ਕਿ ਉਹ ਬੰਦਾ ਗਲੀਲ ਦੀ ਝੀਲ ਦੇ ਪਾਰ ਉਨ੍ਹਾਂ ਦੇ ਜਾਣ ਦੇ ਸ਼ੁਰੂ ਤੋਂ ਹੀ ਨਜਦੀਕੀ ਚੇਲੇ ਦੇ ਰੂਪ ਵਿਚ ਉਸਦੇ ਨਾਲ ਚੱਲੇ। ਉਸ ਆਦਮੀ ਦਾ ਜਵਾਬ ਸੀ, **''ਪ੍ਰਭੂ ਜੀ ਮੈਨੂੰ ਪ੍ਰਵਾਨਗੀ ਦਿਹ ਜੋ ਪਹਿਲਾਂ ਜਾ ਕੇ ਆਪਣੇ ਪਿਉ ਨੂੰ ਦੱਬਾਂ।''** ਹੋ ਸਕਦਾ ਹੈ ਕਿ ਉਸ ਵਕਤ ਯਿਸੂ ਦੇ ਮਗਰ ਚੱਲਣ ਦਾ ਉਸਦਾ ਜਵਾਬ ਕੋਈ ਬਹਾਨਾ ਹੋਵੇ। ਘੱਟੋ ਘੱਟ ਕਹੀਏ ਤਾਂ ਉਹ ਸਚਮੁਚ ਵਿਚ ਚੇਲਾ ਬਣਨ ਤੋਂ ਪਹਿਲਾਂ ਪਰਿਵਾਰ ਜਾਂ ਜ਼ਿੰਮੇਵਾਰੀਆਂ ਨੂੰ ਰੱਖ ਰਿਹਾ ਸੀ (ਵੇਖੋ 10:37; ਲੂਕਾ 14:26)।

ਇਸ ਆਦਮੀ ਬਾਰੇ ਪੂਰਾ–ਪੂਰਾ ਤਾਂ ਸਾਫ਼ ਨਹੀਂ ਹੈ ਪਰ ਤਿੰਨ ਸੰਭਾਵਨਾਵਾਂ ਬਣਦੀਆਂ ਹਨ। ਪਹਿਲੀ ਉਹ ਬੰਦਾ ਆਪਣੇ ਪਿਤਾ ਦੇ ਨਾਲ ਰਹਿਣ ਦੇ ਮੌਕੇ ਲਈ ਹੀ ਕਹਿ ਰਿਹਾ ਸੀ, ਜੋ ਹੋ ਸਕਦਾ ਹੈ ਅਤੇ ਨਹੀਂ ਵੀ ਕਿ ਬੀਮਾਰ ਹੋਵੇ। ਘਰ ਵਿਚ ਰਹਿਣਾ ਅਤੇ ਮਰਨ ਤਕ ਆਪਣੇ ਬਜ਼ੁਰਗ ਮਾਂ ਪਿਓ ਦੀ ਦੇਖਭਾਲ ਕਰਨੀ ਬੇਟਿਆਂ ਦੀ ਜ਼ਿੰਮੇਵਾਰੀ ਹੁੰਦੀ ਸੀ। ਜੌਨ ਮੈਕਾਰਥਰ, ਜੂਨੀ. ਨੇ ਦਾਅਵਾ ਕੀਤਾ ਕਿ ਇਸ ਆਦਮੀ ਵੱਲੋਂ ਵਰਤਿਆ ਗਿਆ ਵਾਕਅੰਸ਼ ''ਇਕ ਆਮ ਪੂਰਬੀ ਅਲੰਕਾਰ ਸੀ ਜਿਸ ਵਿਚ ਬੇਟੇ ਵੱਲੋਂ ਪਰਿਵਾਰ ਦੇ ਕੰਮ ਕਾਜ ਵਿਚ ਆਪਣੇ ਪਿਤਾ ਦੀ ਮੌਤ ਤਕ ਮਦਦ ਲਈ ਜ਼ਿੰਮੇਵਾਰੀ ਲੈਣਾ ਅਤੇ ਵਿਰਾਸਤ ਨੂੰ ਵੰਡਿਆ ਜਾਣਾ ਸੀ।''[4] ਉਸਨੇ ਅੱਗੇ ਕਿਹਾ ਕਿ ਮੱਧ ਪੂਰਬੀ ਭਾਗਾਂ ਵਿਚ ਅੱਜ ਵੀ ਇਸੇ ਇਜ਼ਹਾਰ ਦੀ ਵਰਤੋਂ ਕੀਤੀ ਜਾਂਦੀ ਹੈ।

ਦੂਜਾ, ਉਸ ਆਦਮੀ ਦਾ ਪਿਤਾ ਅਸਲ ਵਿਚ ਮਰ ਗਿਆ ਸੀ ਅਤੇ ਉਹ ਜ਼ਨਾਜ਼ੇ ਦੀ ਉਸ ਦੀ ਰਸਮ ਵਿਚ ਭਾਗ ਲੈਣਾ ਚਾਹੁੰਦਾ ਸੀ। ਇਸ ਨਾਲ ਸਿਰਫ਼ ਥੋੜ੍ਹੀ ਹੀ ਦੇਰ ਲੱਗਣੀ ਸੀ। ਕਿਉਂਕਿ ਲਾਸ਼ ਉਸੇ ਦਿਨ ਦਫ਼ਨਾ ਦਿੱਤੀ ਜਾਂਦੀ ਸੀ (27:59, 60; ਰਸੂਲਾਂ ਦੇ ਕੰਮ 5:5, 6, 10)। ਦਫ਼ਨਾਏ ਜਾਣ ਦੇ ਬਾਅਦ ਇਕ ਹਫ਼ਤਾ ਸੋਗ ਦਾ ਸੀ (ਉਤਪਤ 50:10; 1 ਸਮੂਏਲ 31:13)। ਇਹ ਪੱਕਾ ਨਹੀਂ ਹੈ ਕਿ ਯਿਸੂ ਨੇ ਕਿਸੇ ਦੀ ਭਾਵਨਾਤਮਕ ਬੇਨਤੀ ਨੂੰ ਮਨ੍ਹਾ ਕੀਤਾ ਹੋਵੇ।

ਤੀਜਾ ਉਸ ਆਦਮੀ ਦਾ ਪਿਤਾ ਥੋੜ੍ਹੀ ਦੇਰ ਪਹਿਲਾਂ ਮਰਿਆ ਸੀ ਅਤੇ ਦਫ਼ਨਾਏ ਜਾਣ ਦਾ ਪਹਿਲਾ

ਚਰਨ ਪੂਰਾ ਹੋ ਚੁੱਕਾ ਸੀ। ਲਾਸ਼ ਨੂੰ ਲਵੇਟ ਦਿੱਤਾ ਗਿਆ ਸੀ ਅਤੇ ਕਬਰ ਵਿਚ ਰੱਖਿਆ ਜਾ ਚੁੱਕਾ ਸੀ। ਪਰ ਬੇਟੇ ਤਕਰੀਬਨ ਇਕ ਸਾਲ ਬਾਅਦ ਵਾਪਸ ਆਉਣਾ ਸੀ ਅਤੇ ਹੱਡੀਆਂ ਨੂੰ ਦਫ਼ਨਾਉਣ ਦੇ ਖਾਨੇ ਵਿਚ ਰੱਖਣਾ ਸੀ ਜਿਸ ਨੂੰ ''ਅਸਥੀ ਪਾਤਰ''[5] ਕਬਰ ਦੇ ਪਿੱਛੇ ਬਣਿਆ ਇਕ ਹਾਲ ਹੁੰਦਾ ਹੋਵੇਗਾ ਜਿਸ ਵਿਚ ਪਰਿਵਾਰ ਦੇ ਬਾਅਦ ਵਿਚ ਮਰਨ ਵਾਲੇ ਮੈਂਬਰਾਂ ਲਈ ਥਾਂ ਬਣੀ ਰਹਿੰਦੀ ਸੀ। ਅਜਿਹਾ ਹੋਣ ਤੇ ਉਹ ਆਦਮੀ ਯਿਸੂ ਦੇ ਮਗਰ ਚੱਲਣ ਦੇ ਸੰਜੀਦਾ ਸਮਰਪਣ ਕਰਨ ਤੋਂ ਪਹਿਲਾਂ ਆਪਣੀ ਆਖ਼ਰੀ ਜ਼ਿੰਮੇਵਾਰੀ ਨੂੰ ਪੂਰਾ ਕਰਨਾ ਚਾਹੁੰਦਾ ਸੀ।

ਮੁਰਦੇ ਨੂੰ ਦਫ਼ਨਾਉਣਾ ਖ਼ਾਸਕਰ ਪਿਤਾ ਜਾਂ ਮਾਤਾ ਨੂੰ, ਅਸਲ ਵਿਚ ਇਕ ਪਵਿੱਤਰ ਫ਼ਰਜ਼ ਮੰਨਿਆ ਜਾਂਦਾ ਸੀ (ਉਤਪਤ 23:1–20; 25:7–10; 35:28, 29; 49:28—50:14)। ਇਸਰਾਏਲੀਆਂ ਨੂੰ ਦਿੱਤਾ ਗਿਆ ਪੰਜਵਾਂ ਹੁਕਮ ਸੀ ਕਿ ''ਤੂੰ ਆਪਣੇ ਪਿਤਾ ਅਰ ਆਪਣੀ ਮਾਤਾ ਦਾ ਆਦਰ ਕਰ'' (ਕੂਚ 20:12; ਵਿਵਸਥਾਸਾਰ 5:16)। ਕੋਈ ਸ਼ੱਕ ਨਹੀਂ ਕਿ ਇਸ ਦਾ ਮਤਲਬ ਇਹ ਸੀ ਕਿ ਉਹ ਆਪਣੇ ਮਾਤਾ ਪਿਤਾ ਨੂੰ ਸਹੀ ਤਰੀਕੇ ਨਾਲ ਦਫ਼ਨਾਏ ਵੀ। ਰੱਬੀਆਂ ਦੀ ਸਿੱਖਿਆ ਸੀ ਕਿ ਮਾਤਾ ਪਿਤਾ ਨੂੰ ਦਫ਼ਨਾਉਣਾ ਸ਼ੇਮਾ ਨੂੰ ਯਾਦ ਕਰਨ ਜਾਂ ਤਵੀਜ਼ ਪਾਉਣ ਦੇ ਪ੍ਰਤੀਬਿੰਬ ਦੇ ਫ਼ਰਜ਼ ਨਾਲੋਂ ਵੀ ਅਹਿਮ ਸੀ।[6] ਬਾਅਦ ਵਿਚ ਮੱਤੀ ਦੇ ਵਿਰਤਾਂਤ ਵਿਚ ਯਿਸੂ ਨੇ ਮਾਤਾ ਪਿਤਾ ਦਾ ਆਦਰ ਕਰਨ ਦੇ ਖ਼ੁਦਾ ਦੇ ਹੁਕਮ ਦੀ ਪੈਰਵੀ ਕੀਤੀ (15:1–9)। ਫਿਰ ਵੀ ਯਿਸੂ ਦੇ ਮਗਰ ਚੱਲਣ ਲਈ ਸਭ ਗੱਲਾਂ ਨਾਲੋਂ ਪਹਿਲ ਦੇਣੀ ਜ਼ਰੂਰੀ ਹੈ।

**ਆਇਤ 22. ਪਰ ਯਿਸੂ ਨੇ ਉਹ ਨੂੰ ਕਿਹਾ, ਤੂੰ ਮੇਰੇ ਮਗਰ ਚੱਲਿਆ ਆ ਅਤੇ ਮੁਰਦਿਆਂ ਨੂੰ ਆਪਣੇ ਮੁਰਦੇ ਦੱਬਣ ਦਿਹ।** ਉਸ ਦਾ ਜਵਾਬ ''ਅਲੰਕਾਰੀ ਅਖਾਣ'' ਸੀ ਜਿਸ ਤੋਂ ਭਾਵ ਇਕ ਅਰਥ ਵਿਚ ਇਹ ਸੀ ਕਿ ''ਸੰਸਾਰ ਨੂੰ ਸੰਸਾਰ ਦੀਆਂ ਆਪਣੀਆਂ ਗੱਲਾਂ ਦੀ ਪਰਵਾਹ ਕਰਨ ਦੇ।''[7] ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਰੂਹਾਨੀ ਤੌਰ ਤੇ ਮਰੇ ਹੋਏ ਲੋਕ ਜਿਸਮਾਨੀ ਤੌਰ ਤੇ ਮਰੇ ਹੋਏ ਲੋਕਾਂ ਨੂੰ ਦਫ਼ਨਾਉਣਗੇ। ਇਕ ਸੰਭਾਵਨਾ ਇਹ ਹੈ ਜੋ ਵਿਡੰਬਨਾ ਨਾਲ ਭਰੀ ਹੈ ਕਿ ਜਿਹੜੇ ਲੋਕ ਕੁਝ ਦੇਰ ਲਈ ਸਰੀਰਕ ਤੌਰ ਤੇ ਮਰੇ ਉਹ ਉਨ੍ਹਾਂ ਨੂੰ ਦਫ਼ਨਾਉਣਗੇ ਜਿਹੜੇ ਹੁਣੇ ਹੁਣੇ ਮਰੇ ਹਨ। ਜੋ ਵੀ ਹੋਵੇ, ਯਿਸੂ ਉਸ ਆਦਮੀ ਨੂੰ ਰਾਜ ਦੇ ਸੰਦੇਸ਼ ਨੂੰ ਹਮੇਸ਼ਾ ਦੀ ਜ਼ਿੰਦਗੀ ਦੀ ਲੋੜ ਵਿਚ ਪਏ ਲੋਕਾਂ ਤਕ ਲਿਜਾਣ ਦੀ ਉਸ ਨੂੰ ਵੱਡੀ ਚਿੰਤਾ ਲਈ ਸਮਰਪਤ ਹੋਣ ਲਈ ਕਹਿ ਰਿਹਾ ਸੀ।

ਲੂਕਾ ਨੇ ਜੋੜਿਆ ਹੈ ਕਿ ਇਕ ਤੀਜਾ ਪੁੱਛਣ ਵਾਲਾ ਯਿਸੂ ਕੋਲ ਆਣ ਕੇ ਕਹਿਣ ਲੱਗਾ, ''ਪ੍ਰਭੂ ਜੀ, ਮੈਂ ਤੁਹਾਡੇ ਲੜ ਲੱਗਾਂਗਾ ਪਰ ਪਹਿਲਾਂ ਮੈਨੂੰ ਆਗਿਆ ਦਿਓ ਜੋ ਆਪਣੇ ਘਰ ਦਿਆਂ ਲੋਕਾਂ ਤੋਂ ਵਿਦਿਆ ਹੋ ਆਵਾਂ'' (ਲੂਕਾ 9:61)। ਇਹ ਦ੍ਰਿਸ਼ ਏਲੀਯਾਹ ਨਬੀ ਦੇ ਏਲੀਸ਼ਾ ਨੂੰ ਸੱਦਣ ਦੀ ਯਾਦ ਦੁਆਉਂਦਾ ਹੈ। ਜਦ ਅਲੀਸ਼ਾ ਨੇ ਵਾਪਸ ਜਾ ਕੇ ਨਬੀ ਦੇ ਮਗਰ ਚੱਲਣ ਤੋਂ ਪਹਿਲਾਂ ਆਪਣੇ ਮਾਪਿਆਂ ਨੂੰ ਅਲਵਿਦਾ ਕਹਿਣ ਦੀ ਇਛਾ ਕੀਤੀ ਤਾਂ ਏਲੀਯਾਹ ਨੇ ਉਸ ਨੂੰ ਜਾਣ ਦਿੱਤਾ (1 ਰਾਜਿਆਂ 19:19–21)। ਪਰ ਯਿਸੂ ਸ਼ਗਿਰਦ ਬਣਨ ਦੀਆਂ ਆਪਣੀਆਂ ਸ਼ਰਤਾਂ ਵਿਚ ਏਲੀਯਾਹ ਨਾਲੋਂ ਵੀ ਵੱਧ ਦੀ ਮੰਗ ਕਰ ਰਿਹਾ ਸੀ। ਉਸ ਨੇ ਆਖਿਆ, ''ਜੇ ਕੋਈ ਆਪਣਾ ਹੱਥ ਹੱਲ ਤੇ ਰੱਖ ਕੇ ਪਿਛਾਂਹ ਨੂੰ ਵੇਖੇ ਤਾਂ ਉਹ ਪਰਮੇਸ਼ੁਰ ਦੇ ਰਾਜ ਦੇ ਯੋਗ ਨਹੀਂ''(ਲੂਕਾ 9:62)। ਯਿਸੂ ਦਾ ਅਸਲ ਚੇਲਾ ਹੋਣ ਵਿਚ ਪੂਰੇ ਸਮਰਪਣ ਦੀ ਲੋੜ ਹੁੰਦੀ ਹੈ। ਯਿਸੂ ਉਨ੍ਹਾਂ ਮਾਪਦੰਡਾਂ ਨੂੰ ਘੱਟ ਕਰਨ ਲਈ ਤਿਆਰ ਨਹੀਂ ਸੀ ਜਿਹੜੇ ਸ਼ਗਿਰਦੀ ਲਈ ਜ਼ਰੂਰੀ ਹੋਣੇ ਸਨ।

~~~ **ਸਬਕ** ~~~

## ਯਿਸੂ ਦਾ ਮਨੁੱਖ ਹੋਣਾ (8:20)

ਯਿਸੂ ਵੱਲੋਂ ਆਮ ਤੌਰ ਤੇ ਵਰਤਿਆ ਜਾਣ ਵਾਲਾ ਅਹੁਦਾ ''ਮਨੁੱਖ ਦਾ ਪੁੱਤਰ'' ਹੈ। ਉਸ ਨੂੰ ਆਪਣੇ ਲਈ ''ਖ਼ੁਦਾ ਦਾ ਪੁੱਤਰ'' ਸੁਣਨ ਦਾ ਹੱਕ ਹੈ, ਪਰ ਉਸਨੇ ''ਮਨੁੱਖ ਦਾ ਪੁੱਤਰ'' ਅਖਵਾਉਣਾ ਚੁਣਿਆ। ਇਸ ਤੋਂ ਇਹ ਮਤਲਬ ਨਿੱਕਲੇਗਾ ਕਿ ਯਿਸੂ ਆਪਣੇ ਬਾਰੇ ਇਕ ਅਹਿਮ ਗੱਲ ਕਰ ਰਿਹਾ ਸੀ। ਸੰਪੂਰਣ ਮਨੁੱਖ ਹੋਣ ਤੇ ਜ਼ੋਰ ਦਿੰਦਾ ਹੈ। ਦੂਜੇ ਪਾਸੇ ਇਹ ਉਸ ਦੇ ਛੁਟਕਾਰਾ ਦੁਆਉਣ ਵਾਲੇ ਅਤੇ ਇਖ਼ਤਿਆਰ ਵਾਲੇ ਮਿਸ਼ਨ ਤੇ ਜ਼ੋਰ ਦਿੰਦਾ ਹੈ। ਪਰਮੇਸ਼ੁਰ ਮਨੁੱਖ ਬਣ ਗਿਆ ਤਾਂ ਜੋ ਉਹ ਸਾਡੇ ਨਾਲ ਜੁੜ ਸਕੇ ਅਤੇ ਆਪਣੇ ਨਾਲ ਸਾਨੂੰ ਜੋੜ ਸਕੇ।

---

ਟਿੱਪਣੀਆਂ

[1]ਰੌਬਰਟ ਐਚ. ਮਾਉਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ: ਮੈਸਾਚੁਏਟਸ ਹੈਂਡ੍ਰਿਕਸਨ ਪਬਲੀਕੇਸ਼ਨ 1991) 77. [2]ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਉਂਡ ਕਮੈਂਟਰੀ, ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 59 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [3]ਨਬੀ ਦੇ ਮਨੁੱਖ ਹੋਣ ਤੇ ਜ਼ੋਰ ਦਿੰਦੇ ਹੋਏ, ''ਮਨੁੱਖ ਦਾ ਪੁੱਤਰ'' ਹਿਜ਼ਕੀਏਲ ਦੀ ਪੂਰੀ ਕਿਤਾਬ ਵਿਚ ਆਉਂਦਾ ਹੈ। [4]ਜੌਨ ਮੈਕਾਰਥਰ, ਜੂਨੀ. *ਦ ਮੈਕਾਰਥਰ ਨਿਊ ਟੈਸਟਾਮੈਂਟ ਕਮੈਂਟਰੀ: ਮੈਥਿਊ 8–15* (ਸ਼ਿਕਾਗੋ, ਮੂਡੀ ਪ੍ਰੈੱਸ, 1987), 25–15. [5]ਵੇਖੋ ਮਿਸ਼ਨਾਹ *ਸੈਨਹੇਡ੍ਰਿਨ* 6.6; ਪਿਸਾਹਿਮ 8.8; ਮੋਏਡ ਕਟਨ 1.5, 6. [6]ਮਿਸ਼ਨਾਹ *ਬੇਰਾਕੋਥ* 3.1; ਟਾਲਮੁਡ *ਬੇਰਾਕੋਥ* 31ਏ। [7]ਮੈਕਾਰਥਰ, 25.
~~~